# ਪ੍ਰੈਸ ਨੋਟ

ਅੱਜ ਮਿਤੀ 15.01.2024 ਨੂੰ ਸ਼੍ਰੀ ਗੁਲਨੀਤ ਸਿੰਘ ਖੁਰਾਨਾ, ਆਈ.ਪੀ.ਐਸ. ਸੀਨੀਅਰ ਕਪਤਾਨ ਪੁਲਿਸ ਰੂਪਨਗਰ ਵੱਲੋਂ ਪ੍ਰੈਸ ਨੋਟ ਰਾਂਹੀ ਜਾਣਕਾਰੀ ਦਿੰਦੇ ਹੋਏ ਦੱਸਿਆ ਹੈ ਕਿ ਜਿਲ੍ਹਾ ਪੁਲਿਸ ਵੱਲੋਂ ਗੈਰ -ਕਾਨੂੰਨੀ ਮਾਈਨਿੰਗ ਰੋਕਣ ਲਈ ਰੈਗੂਲਰ ਚੈਕਿੰਗਾਂ ਕੀਤੀਆਂ ਜਾ ਰਹੀਆਂ ਹਨ। ਜਿਨ੍ਹਾਂ ਕਰੈਸ਼ਰ ਮਾਲਕਾ ਦੇ ਖਿਲਾਫ ਗੈਰ-ਕਾਨੂੰਨੀ ਮਾਈਨਿੰਗ ਅਧੀਨ ਮੁਕੱਦਮੇ ਦਰਜ਼ ਹੋਏ ਹਨ ਅਤੇ ਜੋ ਰਾਤ ਬਰਾਤੇ ਗੈਰ ਕਾਨੂੰਨੀ ਮਾਈਨਿੰਗ ਕਰਦੇ ਹਨ ਅਜਿਹੇ 15 ਸਟੋਨ ਕਰੈਸ਼ਰਾ ਦੇ ਵਿਰੁੱਧ ਨਿਯਮਾ ਮੁਤਾਬਿਕ ਕਾਰਵਾਈ ਕਰਕੇ ਇਨ੍ਹਾ ਦੀ ਰਜਿਸਟਰੇਸ਼ਨ ਕੈਂਸਲ ਕਰਨ ਅਤੇ ਇਨ੍ਹਾ ਨੂੰ ਸੀਲ ਕਰਨ ਲਈ ਡਿਪਟੀ ਕਮਿਸ਼ਨਰ ਰੂਪਨਗਰ ਨੂੰ ਵੀ ਰਿਪੋਰਟ ਭੇਜੀ ਗਈ ਸੀ।ਜਿਸ ਤੇ ਕਾਰਵਾਈ ਕਰਦੇ ਹੋਏ ਡਾਇਰੈਕਟਰ ਮਾਈਨਿੰਗ ਐਡ ਜਿਓਲੋਜੀ ਪੰਜਾਬ ਚੰਡੀਗੜ੍ਹ ਵਲੋ ਨਿਮਨਲਿਖਤ 13 ਕਰੈਸ਼ਰਾਂ 1. ਗੰਗਾ ਸਟੋਨ ਕਰੈਸ਼ਰ,ਪਿੰਡ ਖੇੜਾ ਕਲਮੋਟ 2. ਭੱਲਾ ਸਟੋਨ ਕਰੈਸ਼ਰ,ਪਿੰਡ ਭੱਲੜੀ 3. ਨਿਊ ਸੱਤਲੁਜ ਸਟੋਨ ਕਰੈਸ਼ਰ ਯੂਨਿਟ-1,ਪਿੰਡ ਖੇੜਾ ਕਲਮੋਟ 4. ਗਰੇਵਾਲ ਸਟੋਨ ਕਰੈਸ਼ਰ,ਪਿੰਡ ਖੇੜਾ ਕਲਮੋਟ 5. ਕਲਗੀਧਰ ਸਟੋਨ ਕਰੈਸ਼ਰ,ਪਿੰਡ ਖੇੜਾ ਕਲਮੋਟ 6. ਪੁਰੀ ਸਟੋਨ ਕਰੈਸ਼ਰ,ਪਿੰਡ ਪਲਾਟਾ 7. ਏ.ਐਸ. ਬਰਾੜ ਸਟੋਨ ਕਰੈਸ਼ਰ,ਪਿੰਡ ਅਗੰਮਪੁਰ 8. ਸੱਤ ਸਾਹਿਬ ਸਟੋਨ ਕਰੈਸ਼ਰ,ਪਿੰਡ ਹਰੀਪੁਰ 9. ਭਾਰਤ ਸਟੋਨ ਕਰੈਸ਼ਰ ਐਡ ਸਕਰੀਨਿੰਗ ਪਲਾਂਟ,ਪਿੰਡ ਪਲਾਟਾ 10. ਪ੍ਰਿਥਵੀ ਸਟੋਨ ਕਰੈਸ਼ਰ ਐਡ ਸਕਰੀਨਿੰਗ ਪਲਾਂਟ,ਪਿੰਡ ਸਪਾਲਵਾ 11. ਸਾਈ ਸਟੋਨ ਕਰੈਸ਼ਰ,ਪਿੰਡ ਨਲਹੋਟ 12. ਆਦੇਸ਼ ਸਟੋਨ ਕਰੈਸ਼ਰ,ਪਿੰਡ ਐਲਗਰਾਂ 13. ਸਿੱਧੀ ਵਿਨਾਇਕ ਸਟੋਨ ਕਰੈਸ਼ਰ,ਪਿੰਡ ਐਲਗਰਾਂ ਦੀ ਰਜਿਸਟਰੇਸ਼ਨ ਮੁਤਾਬਿਕ ਕਲੋਜ਼ 14 ਪੰਜਾਬ ਕਰੈਸ਼ਰ ਪੋਲਸੀ 2023 ਤਹਿਤ ਰਜਿਸਟਰੇਸ਼ਨ ਰੱਦ ਕੀਤੀ ਗਈ ਹੈ। ਸਮੂਹ ਹਲਕਾ ਅਫਸਰ ਅਤੇ ਮੁੱਖ ਅਫਸਰ ਥਾਣਾ ਵਲੋ ਆਪਣੇ-ਆਪਣੇ ਏਰਿਆ ਵਿੱਚ ਸਿਵਲ ਪ੍ਰਸ਼ਾਸ਼ਨ, ਮਾਈਨਿੰਗ ਵਿਭਾਗ ਦੀ ਸਾਂਝੀ ਟੀਮ ਨਾਲ ਸਮੇਂ-ਸਮੇਂ ਸਿਰ ਚੈਕਿੰਗ ਕੀਤੀ ਜਾਂਦੀ ਹੈ।

ਚੈਕਿੰਗ ਦੌਰਾਨ ਅਗਰ ਕੋਈ ਵਿਅਕਤੀ ਗੈਰ-ਕਾਨੂੰਨੀ ਮਾਈਨਿੰਗ ਦੀ ਗਤੀਵਿਧੀਆਂ ਵਿੱਚ ਸ਼ਾਮਲ ਪਾਇਆ ਜਾਂਦਾ ਹੈ ਤਾਂ ਉਸ ਖਿਲਾਫ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਂਦੀ ਹੈ। ਅਗਰ ਕਿਸੇ ਵਿਅਕਤੀ ਨੂੰ ਗੈਰ-ਕਾਨੂੰਨੀ ਮਾਈਨਿੰਗ ਸਬੰਧੀ ਕੋਈ ਜਾਣਕਾਰੀ ਪ੍ਰਾਪਤ ਹੁੰਦੀ ਹੈ ਤਾਂ ਉਹ ਜਿਲ੍ਹਾ ਪੁਲਿਸ ਦੇ ਕੰਟਰੋਲ ਰੂਮ ਨੰ. 97794-64100, 01881-221273 ਜਾਂ ਸਬੰਧਤ ਹਲਕਾ ਅਫਸਰ ਅਤੇ ਮੁੱਖ ਅਫਸਰ ਥਾਣਾ ਨੂੰ ਇਤਲਾਹ ਦੇ ਸਕਦੇ ਹਨ।